# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

## ਪ੍ਰੈਸ ਨੋਟ

ਚੰਡੀਗੜ੍ਹ, 22 ਜੁਲਾਈ :-ਚੰਡੀਗੜ੍ਹ ਪ੍ਰਸ਼ਾਸਨ ਯੂਟੀ ਵਿਚ ਵੇਚੇ ਜਾਣ ਵਾਲੇ ਕਾਰੋਸੀਨ ਦੇ ਥੋਕ ਅਤੇ ਖੁਦਰਾ ਮੁੱਲ ਨਿਸ਼ਚਿਤ ਕੀਤੇ ਹਨ। ਇਹ ਕਾਰੋਸੀਨ ਹਰਿਆਣਾ ਵਿਚੋਂ ਅੰਬਾਲਾ ਅਤੇ ਬਹਾਦਰਗੜ੍ਹ ਡਿੱਪੋ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਚੰਡੀਗੜ੍ਹ ਪ੍ਰਸ਼ਾਸਨ ਦੇ ਖਾਧ ਅਤੇ ਪੂਰਤੀ ਅਤੇ ਉਪਭੋਗਤਾ ਮਾਮਲੇ ਵਿਭਾਗ ਨੇ ਆਪਣੇ ਆਦੇਸ਼ ਵਿਚ ਇੱਕ ਕਿਲੋ ਲੀਟਰ ਕੈਰੋਸੀਨ ਦੀ ਥੋਕ ਕੀਮਤ 12,054.49 ਰੁਪਏ ਨਿਸ਼ਚਿਤ ਕੀਤੀ ਹੈ।

ਇੱਕ ਲੀਟਰ ਦੀ ਖੁਦਰਾ ਕੀਮਤ 12.41 ਰੁਪਏ ਨਿਸ਼ਚਿਤ ਕੀਤੀ ਹੈ ਜਿਸ ਵਿਚ ਵੈਟ ਮੁੱਲ ਵੀ ਸ਼ਾਮਿਲ ਹੈ। ਇਹ ਕੀਮਤਾਂ ਤਤਕਾਲ ਪ੍ਰਭਾਵ ਤੋਂ ਹੀ ਲਾਗੂ ਕਰ ਦਿੱਤੀਆਂ ਜਾਣਗੀਆਂ।